Delta School District

"Where Learning Matters"

# PUNJABI 12

## CHALLENGE EXAM 2011

## READING COMPONENT

**Maximum Time: 50 minutes**

**NAME:** ________________________________
**(print clearly)**

**SIGNATURE:**________________________________

**P E N:** ________________________________
**(print clearly)**

Reading Component Mark: _____ / 25

GENERAL INSTRUCTIONS:

1. Fill in your name, signature and PEN number above.
2. Ensure that you have all the required pages for this component of the examination.
3. Answer questions 1-25 on the Scantron form(s) provided using an HB pencil. You must ensure that your NAME and PEN number appear at the top of your Scantron form.

**There are 12 pages in this component (pages 1-12).**

**Reading Component** **Section I**

**Value: 12 marks** **Suggested Time: 20 minutes**

ਹਦਾਇਤਾਂ : ਹੇਠ ਲਿਖੀ ਕਹਾਣੀ '*ਜਨਮ ਦਿਨ ਦਾ ਤੋਹਫ਼ਾ* ' ਨੂੰ ਪੜ੍ਹੋ। 1-12 ਸੁਆਲਾਂ ਦੇ ਕਹਾਣੀ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ ।

***Instructions:*** *Read the story* Birthday gift *Select the best answer according to the story for questions 1 to 12 and record your answers on the Scantron sheet.*

## ਜਨਮ ਦਿਨ ਦਾ ਤੋਹਫ਼ਾ

ਸੰਨਦੀਪ ਆਪਣੇ ਬੈਡਰੂਮ ਦੀ ਖਿੜਕੀ ਵਿੱਚ ਖਲੋਤਾ ਬਾਹਰ ਪਾਰਕ ਵਿੱਚ ਖੇਡਦੇ ਬੱਚਿਆਂ ਨੂੰ ਦੇਖ ਰਿਹਾ ਸੀ ਅਤੇ ਆਪਣੇ ਆਉਣ ਵਾਲੇ ਜਨਮ ਦਿਨ ਬਾਰੇ ਸੋਚ ਰਿਹਾ ਸੀ। ਕਲ੍ਹ ਅਠਾਰ੍ਹਾਂ ਫ਼ਰਵਰੀ ਨੂੰ ਉਸ ਨੇ ਉਨੀਂ ਵਰ੍ਹਿਆਂ ਦਾ ਹੋ ਜਾਣਾ ਹੈ। ਪਿਛਲੇ ਸਾਲ ਉਸ ਦਾ ਜਨਮ ਦਿਨ ਨਹੀ ਸੀ ਮਨਾਇਆ ਗਿਆ। ਉਦੋਂ ਉਸ ਦੇ ਪਿਤਾ ਜੀ ਹਸਪਤਾਲ ਵਿੱਚ ਸਨ। ਪਿਤਾ ਜੀ ਜਦੋਂ ਅਫ਼ਰੀਕਾ ਦੇ ਬਿਜ਼ਨਿਸ ਟਰਿੱਪ ਤੋਂ ਵਾਪਸ ਆਏ ਤਾਂ ਕੁਝ ਢਿੱਲੇ ਢਿੱਲੇ ਰਹਿਣ ਲਗ ਪਏ ਸਨ। ਫ਼ਿਰ ਇਕ ਦਿਨ ਬੁਖ਼ਾਰ ਇੱਕ ਸੋ ਤਿੰਨ ਡਿਗਰੀ ਤੱਕ ਪੁਹੰਚ ਗਿਆ। ਅੱਖਾਂ ਅਗੇ ਹਨੇਰਾ ਆਉਣ ਨਾਲ ਉਹ ਘਰ ਦੇ ਵੇਹੜੇ ਵਿੱਚ ਹੀ ਡਿੱਗ ਪਏ। ਉਸੇ ਵੇਲੇ ਐਮਬੂਲੈਂਸ ਬੁਲਾ ਕੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਡਾਕਟਰਾਂ ਦੇ ਕਹਿਣ ਮੁਤਾਬਿਕ ਉਹਨਾਂ ਨੂੰ ਟਾਈਫਾਈਡ ਬੁਖ਼ਾਰ ਹੋਇਆ ਸੀ। ਦੱਸ ਕੁ ਦਿਨ ਹਸਪਤਾਲ ਰਹਿਣ ਬਾਅਦ ਪਿਤਾ ਜੀ ਘਰ ਤਾਂ ਆ ਗਏ ਪਰ ਕੰਮਜੋਰੀ ਕਾਰਣ ਬਹੁਤਾ ਚਲ ਫਿਰ ਨਹੀ ਸਨ ਸਕਦੇ। ਉਨ੍ਹਾਂ ਦੀ ਦੇਖ ਭਾਲ ਦੀ ਕਾਫ਼ੀ ਜਰੂਰਤ ਸੀ। ਇਸ ਸਾਰੀ ਉਥੱਲ ਪੁਥੱਲ ਵਿੱਚ ਜਨਮ ਦਿਨ ਬਾਰੇ ਕਿਸੇ ਨੂੰ ਵੀ ਸੋਚਣ ਦਾ ਖਿਆਲ ਨਹੀ ਸੀ ਰਿਹਾ ਅਤੇ ਨਾ ਹੀ ਇਸ ਬਾਰੇ ਸੋਚਣਾ ਯੋਗ ਸੀ।

ਇਸ ਸਾਲ ਸੰਨਦੀਪ ਨੇ ਉਹ ਸਾਰੀਆਂ ਚੀਜ਼ਾਂ ਲੈਣ ਦਾ ਪ੍ਰੋਗਰਾਮ ਬਣਾਇਆ ਜੋ ਉਸ ਨੂੰ ਪਿਛਲੇ ਸਾਲ ਨਹੀ ਸਨ ਮਿਲੀਆਂ। ਉਹ ਸੋਚ ਰਿਹਾ ਸੀ ਕਿ ਉਹ ਆਪਣੇ ਮਾਤਾ ਪਿਤਾ ਕੋਲੋਂ ਉਨ੍ਹਾਂ ਚੀਜ਼ਾਂ ਦੀ ਮੰਗ ਕਰੇਗਾ

ਜਿਨ੍ਹਾਂ ਦੀ ਲਿਸਟ ਉਸਨੇ ਪਿਛਲੇ ਸਾਲ ਬਣਾਈ ਸੀ ਅਤੇ ਉਸ ਦੇ ਦੋਸਤਾਂ ਕੋਲ ਹਨ। ਕੰਮਪਿਊਟਰ ਗੇਮਾਂ ਦੇ ਨਾਲ ਨਾਲ ਉਸਨੂੰ ਇਕ ਬਾਈਸਿਕਲ ਵੀ ਚਾਹੀਦਾ ਹੈ ਤਾਂਕਿ ਉਹ ਸਕੂਲ ਵੱਕਤ ਸਿਰ ਪਹੁੰਚ ਸਕੇ। ਉਸ ਨੂੰ ਨਵੇਂ ਕੱਪੜੇ ਅਤੇ ਬੂਟ ਵੀ ਚਾਹੀਦੇ ਸਨ ਕਿਉਂਕਿ ਪੁਰਾਣੇ ਹੁਣ ਫ਼ੈਸ਼ਨ ਵਿੱਚ ਨਹੀ ਸਨ। ਜਦ ਇਹ ਇਨ੍ਹਾਂ ਸੋਚਾਂ ਵਿੱਚ ਡੁੱਬਿਆ ਹੋਇਆਂ ਸੀ ਕਿ ਉਸਦੀ ਨਜ਼ਰ ਇੱਕ ਮੰਗਤੇ ਬੱਚੇ ਤੇ ਪਈ ਜੋ ਪਾਰਕ ਦੇ ਗੇਟ ਦੇ ਬਾਹਰ ਖਲੋਤਾ ਮੰਗ ਰਿਹਾ ਸੀ। ਉਹ ਸ਼ਾਨ ਨਾਲੋਂ ਕੋਈ ਚਾਰ ਪੰਜ ਸਾਲ ਛੋਟਾ ਹੋਵੇਗਾ। ਉਸ ਦੇ ਕਪੜੇ ਫ਼ੱਟੇ ਹੋਏ ਸਨ। ਪੈਰੋਂ ਨੰਗਾ ਸੀ। ਪੁਰਾਣੇ ਕੱਪੜਿਆਂ ਵਿੱਚ ਉਸਦਾ ਸਰੀਰਕ ਢਾਂਚਾ ਹੱਡੀਆਂ ਦੀ ਮੁੱਠ ਸਾਫ਼ ਦਿਸਦਾ ਸੀ। ਇਹ ਵੇਖ਼ ਸੰਨਦੀਪ ਦੀਆਂ ਅੱਖਾਂ ਭਰ ਆਈਆਂ।

ਸੰਨਦੀਪ ਉਸਨੂੰ ਬਹੁਤੀ ਦੇਰ ਦੇਖ ਨਾ ਸਕਿਆਂ ਅਤੇ ਮੂੰਹ ਮੋੜ ਕੇ ਕਮਰੇ ਨੂੰ ਨਿਹਾਰਣ ਲਗਾ। ਉਸ ਨੇ ਮੁਸਕ੍ਰਾਂਦਿਆਂ ਹੋਇਆਂ ਉਚੀ ਅਵਾਜ਼ ਵਿੱਚ ਕਿਹਾ," ਮੈਨੂੰ ਪਤਾ ਲਗ ਗਿਆਂ ਹੈ ਕਿ ਮੈਂ ਆਪਣੇ ਜਨਮ ਦਿਨ ਤੇ ਕੀ ਲੈਣਾ ਹੈ। " ਆਪਣੀ ਖੁਸ਼ੀ ਨੂੰ ਠੁਕਰਾਂਦਿਆਂ ਹੋਇਆਂ ਉਸ ਨੇ ਫ਼ੈਸਲਾ ਕਰ ਲਿਆ ਕਿ ਉਹ ਅੱਜ ਤੋਂ ਹਰ ਸਾਲ ਆਪਣੇ ਜਨਮ ਦਿਨ ਤੇ ਪਾਰਟੀ ਕਰਨ ਦੀ ਬਜਾਏ ਅਨਾਥ ਬੱਚਿਆਂ ਨਾਲ ਬਿਤਾਏਗਾ। ਇਸ ਤਰ੍ਹਾਂ ਉਹ ਉਨ੍ਹਾਂ ਬੱਚਿਆਂ ਦੇ ਜੀਵਨ ਬਾਰੇ ਜਾਣ ਕੇ ਉਸ ਨੂੰ ਕੁਝ ਸੁਖਾਵਾਂ ਬਣਾ ਸਕੇ। ਨਾਲ ਹੀ ਨਾਲ ਉਸ ਪ੍ਰਮਾਤਮਾਂ ਦਾ ਸ਼ੁਕਰ ਕਰ ਸਕੇ ਜਿਸ ਨੇ ਉਸ ਨੂੰ ਪਿਆਰ ਕਰਨ ਵਾਲੇ ਅਤੇ ਖਾਂਦੇ ਪੀਂਦੇ ਪਰਵਾਰ ਦਾ ਹਿੱਸਾ ਬਣਾਇਆ ਹੈ।

ਖੁਸ਼ੀ ਖੁਸ਼ੀ ਕਮਰੇ ਵਿਚੋਂ ਬਾਹਰ ਨਿਕਲ ਕੇ ਮੰਮੀ ਦੇ ਕਮਰੇ ਵਲ ਚਲਾ ਗਿਆ। ਹੁਣ ਸੰਨਦੀਪ ਨੂੰ ਆਪਣੇ ਜੀਵਨ ਦਾ ਉਦੇਸ਼ ਮਿਲ ਗਿਆ ਸੀ।

| | |
|---|---|
| ਹਦਾਇਤਾਂ : | 1 ਤੋਂ 12 ਤੱਕ ਸੁਆਲਾਂ ਦੇ ਕਹਾਣੀ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੋਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ । |
| ***Instructions:*** | *Select the best answer according to the story for questions 1 to 12 and record your answers on the Scantron sheet.* |

1. ਸੰਨਦੀਪ ਕਿੱਥੇ ਖੜਾ ਸੀ?
   - A. ਪਾਰਕ ਵਿੱਚ
   - B. ਵੇਹੜੇ ਵਿੱਚ
   - C. ਸੌਣ ਵਾਲੇ ਕਮਰੇ ਵਿੱਚ
   - D. ਮੰਮੀ ਡੈਡੀ ਦੇ ਕਮਰੇ ਵਿੱਚ

2. ਪਿਛਲੇ ਸਾਲ ਸੰਨਦੀਪ ਨੇ ਜਨਮ ਦਿਨ ਕਿਉਂ ਨਹੀ ਸੀ ਮਨਾਇਆ?
   - A. ਸੰਨਦੀਪ ਬਿਮਾਰ ਸੀ
   - B. ਸੰਨਦੀਪ ਦੇ ਪਿਤਾ ਜੀ ਬਿਮਾਰ ਸਨ
   - C. ਸੰਨਦੀਪ ਦੇ ਮਾਤਾ ਜੀ ਬਿਮਾਰ ਸਨ
   - D. ਸੰਨਦੀਪ ਦੇ ਦਾਦਾ ਜੀ ਬਿਮਾਰ ਸਨ

3. ਉਨ੍ਹਾਂ ਨੂੰ ਕਿਸਤਰ੍ਹਾਂ ਦੀ ਬਿਮਾਰੀ ਸੀ?
   - A. ਕੌਲਰਾ
   - B. ਟਾਈਫਾਈਡ
   - C. ਦਿਲ ਦਾ ਦੌਰਾ
   - D. ਇੰਨਫਲੁਐਂਜ਼ਾ

4. ਸੰਨਦੀਪ ਦੀ ਤੋਹਫ਼ਿਆਂ ਦੀ ਲਿਸਟ ਵਿੱਚ ਕੀ ਨਹੀ ਸੀ?
   - A. ਪਾਰਟੀ
   - B. ਨਵੇਂ ਜੁੱਤੇ
   - C. ਨਵੇਂ ਕਪੜੇ
   - D. ਕੰਪਿਉਟਰ ਗੇਮਜ਼

5. ਸੰਨਦੀਪ ਨੂੰ ਬਾਈਸਿਕਲ ਦੀ ਜਰੂਰਤ ਕਿਉਂ ਸੀ?
A. ਸ਼ਾਪਿੰਗ ਜਣ ਲਈ
B. ਸਕੂਲ ਜਾਣ ਲਈ
C. ਕਸਰਤ ਕਰਨ ਲਈ
D. ਦੋਸਤਾਂ ਨਾਲ ਘੁੰਮਣ ਲਈ

6. ਸੰਨਦੀਪ ਨੇ ਕੀ ਦੇਖਿਆਂ ਕਿ ਉਸ ਦੀਆਂ ਅੱਖਾਂ ਭਰ ਆਈਆਂ?
A. ਹੱਡੀਆਂ
B. ਮੰਗਤਾ
C. ਦੋਸਤ
D. ਪਾਰਕ

7. ਮਨ ਬਦਲ ਕੇ ਸੰਨਦੀਪ ਆਪਣੇ ਜਨਮ ਦਿਨ ਤੇ ਕੀ ਕਰਨ ਵਾਲਾ ਹੈ?
A. ਆਪਣੇ ਦੋਸਤਾਂ ਨਾਲ ਪਾਰਟੀ ਅਤੇ ਵਕਤ ਬਿਤਾਏਗਾ
B. ਅਨਾਥ ਆਸ਼ਰਮ ਦੇ ਬੱਚਿਆਂ ਨਾਲ ਵਕਤ ਬਿਤਾਏਗਾ
C. ਆਪਣੇ ਪਰਵਾਰ ਨਾਲ ਪਾਰਟੀ ਅਤੇ ਵਕਤ ਬਿਤਾਏਗਾ
D. ਸੱਭ ਕੁਝ ਠੁਕਰਾ ਕੇ ਕੁਝ ਵੀ ਨਾ ਕਰਨ ਦਾ ਫ਼ੈਸਲਾ ਕੀਤਾ

8. ਸੰਨਦੀਪ ਪ੍ਰਮਾਤਮਾਂ ਦਾ ਸ਼ੁਕਰਾਨਾ ਕਿਵੇਂ ਕਰਨਾ ਚਾਹੁੰਦਾ ਹੈ?
A. ਗੁਰਦੁਆਰੇ ਜਾ ਕੇ
B. ਪਰਵਾਰ ਨਾਲ ਰਹਿ ਕੇ
C. ਬਹੁਤ ਸਾਰੇ ਤੋਹਫ਼ੇ ਖਰੀਦ ਕੇ
D. ਅਨਾਥ ਬੱਚਿਆਂ ਦੀ ਮਦਦ ਕਰ ਕੇ

9. ਸੰਨਦੀਪ ਖੁਸ਼ ਕਿਉਂ ਹੈ?
A. ਆਪਣੇ ਫ਼ੈਸਲੇ ਤੇ ਫ਼ਖ਼ਰ ਹੈ
B. ਤੋਹਫਿਆਂ ਦੀ ਲੰਬੀ ਲਿਸਟ ਦੇਖ ਕੇ
C. ਪਿਤਾ ਜੀ ਪਾਰਟੀ ਲਈ ਮੰਨ ਗਏ ਹਨ
D. ਪਿਤਾ ਜੀ ਬਿਮਾਰੀ ਤੋਂ ਠੀਕ ਹੋ ਗਏ ਹਨ

10. ਸੰਨਦੀਪ ਦਾ ਪਰਵਾਰ ਕਿਹੋ ਜਿਹਾ ਹੈ?

A. ਬਹੁਤ ਗਰੀਬ ਹਨ
B. ਬਹੁਤ ਅਮੀਰ ਹਨ
C. ਪਿਆਰ ਕਰਨ ਵਾਲੇ ਹਨ
D. ਗੁਰਦੁਆਰੇ ਜਾਣ ਵਾਲੇ ਹਨ

11. ਸੰਨਦੀਪ ਦੇ ਜੀਵਨ ਦਾ ਕੀ ਉਦੇਸ਼ ਹੈ?

A. ਬਹੁਤ ਸਾਰੇ ਤੋਹਫ਼ੇ ਲੈਣੇ
B. ਸਕੂਲ ਵਕਤ ਸਿਰ ਪਹੁੰਚਣਾ
C. ਲੋੜਵੰਦਾਂ ਦੀ ਮਦਦ ਕਰਨਾ
D. ਦੋਸਤਾਂ ਨਾਲ ਵਕਤ ਬਿਤਾਉਣਾ

12. "ਆਪਣੀ ਖੁਸ਼ੀ ਨੂੰ ਠੁਕਰਾ ਖੁਸ਼ੀ ਮਿਲਣੀ" ਇਹ ਕਿਵੇਂ ਹੁੰਦਾ ਹੈ?

A. ਆਪਣੇ ਮਨ ਨੂੰ ਮਾਰ ਕੇ
B. ਕਿਸੇ ਹੋਰ ਨੂੰ ਖੁਸ਼ੀ ਦੇ ਕੇ
C. ਮਾਤਾ ਪਿਤਾ ਦੇ ਆਖੇ ਲਗ ਕੇ
D. ਕਿਸੇ ਦੀ ਖੁਸ਼ੀ ਵਿੱਚ ਸ਼ਾਮਲ ਹੋ ਕੇ

**Reading Component** **Section II**

**Value 9 marks** **Suggested Time: 12 minutes**

ਹਦਾਇਤਾਂ : ਹੇਠ ਲਿਖੀ ਖ਼ਬਰ '*ਵੈਨਕੂਵਰ ਵਿੱਚ ਸ਼ੋਆਂ ਦੀ ਸਫ਼ਲਤਾ*' ਨੂੰ ਪੜ੍ਹੋ। 13-21 ਤੱਕ ਸੁਆਲਾਂ ਦੇ ਖ਼ਬਰ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ।

***Instructions:*** *Read the news* Successful Vancouver Shows *Select the best answer according to the news for questions 13-21 and record your answers on the Scantron sheet.*

## ਵੈਨਕੂਵਰ ਵਿੱਚ ਦੋ ਸ਼ੋਆਂ ਦੀ ਸਫ਼ਲਤਾ

ਵੈਨਕੂਵਰ: 18 ਜੁਨ-ਬੀਤੇ ਚੌਦ੍ਹਾਂ ਅਤੇ ਪੰਦਰ੍ਹਾਂ ਜੁਨ ਨੂੰ ਵੈਨਕੂਵਰ ਵਿਖੇ ਦੋ ਵੱਖ ਵੱਖ ਸ਼ੋਅ ਹੋਏ। ਇਨ੍ਹਾਂ ਦੋਹਾਂ ਹੀ ਸ਼ੋਆਂ ਵਿੱਚ ਸਰੋਤਿਆ ਦੀ ਹਾਜ਼ਰੀ ਭਰਵੀਂ ਰਹੀ। ਪਹਿਲਾ ਸ਼ੋਅ ਹਰਮਨ ਸੋਸਾਇਟੀ ਅਤੇ ਪਿਕਸ ਵਲੋਂ ਕਲੋਵਰਡੇਲ ਦੇ ਰੋਡੀਓ ਸਟੇਡੀਅਮ ਵਿੱਚ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਅਤੇ ਉਸ ਦੀ ਬੇਟੀ ਡੌਲੀ ਗੁਲੇਰੀਆਂ ਦੇ ਨਾਲ ਨਾਲ ਜਸਵਿੰਦਰ ਬਰਾੜ, ਸੁਨੈਨੀ, ਸੁਨੀਤਾ ਰੱਤੂ, ਰਾਖੀ ਹੁੰਦਲ ਅਤੇ ਹਰਜੀਤ ਮੱਟੂ ਨੇ ਚੰਗਾ ਰੰਗ ਬੰਨ੍ਹਿਆਂ।

ਇਹ ਸ਼ੋਅ, ਮੇਲਾ ਮਾਵਾਂ ਧੀਆਂ ਦਾ, ਸਿਰਫ਼ ਔਰਤਾਂ ਲਈ ਹੀ ਸੀ। ਸੁਰਿੰਦਰ ਕੌਰ ਨੇ "ਚੰਨ ਕਿਦਾਂ ਗੁਜਾਰੀਆਂ ਰਾਤ ਵੇ " ਵਰਗੇ ਪੁਰਾਣੇ ਗੀਤ ਗਾਏ ਜਿਸ ਨਾਲ ਬਜ਼ੁਰਗ ਔਰਤਾਂ ਤਾਂ ਝੂਮਣ ਲਗ ਪਈਆਂ। ਇਸ ਸ਼ੋਅ ਵਿੱਚ ਜਸਵਿੰਦਰ ਬਰਾੜ ਅਤੇ ਰਾਖੀ ਨੇ ਨਵੇਂ ਗੀਤਾ ਨਾਲ ਨਵੀਂ ਪੀੜ੍ਹੀ ਦੀਆਂ ਕੁੜੀਆਂ ਨੂੰ ਨਿਹਾਲ ਹੀ ਕਰ ਦਿਤਾ।

ਕੈਨੇਡਾ ਦੇ ਉਘੇ ਪ੍ਰਮੋਟਰ ਪਿੰਕੀ ਬਸਰਾਓ ਵਲੋਂ ਪੰਦਰ੍ਹਾਂ ਜੁਨ ਨੂੰ ਦੂਸਰਾ ਸ਼ੋਅ ਵੈਨਕੂਵਰ ਦੇ ਪੀ.ਐਨ ਈ.ਕੌਲੋਸੀਅਮ ਵਿਖੇ ਕਰਵਾਇਆ ਗਿਆ। 'ਮੈਗਾ ਸਟਾਰ ਮੀਨੀਆ ' ਨਾਂ ਦੇ ਇਸ ਸ਼ੋਅ ਵਿੱਚ

ਮੁੰਬਈ ਦੇ ਉੱਘੇ ਫ਼ਿਲਮੀ ਕਲਾਕਾਰ ਸੰਨੀ ਦਿਓਲ, ਬੌਬੀ ਦਿਓਲ, ਸੰਜੇ ਦੱਤ, ਸਲਮਾਨ ਖਾਨ, ਅਮੀਸ਼ਾ ਪਟੇਲ ਅਤੇ ਬਿਪਾਸਾ ਬਾਸੂ ਨੇ ਦਰਸ਼ਕਾਂ ਨੂੰ ਕਈ ਘੰਟਿਆਂ ਤੱਕ ਕੀਲ ਕੇ ਬਿਠਾਈ ਰਖਿਆ। ਤਕਰੀਬਨ ਸੱਤ ਹਜ਼ਾਰ ਸਰੋਤਿਆਂ ਨੇ ਇਸ ਵਿੱਚ ਭਾਗ ਲਿਆ। ਸੰਨੀ ਦਿਓਲ ਅਤੇ ਬੌਬੀ ਦਿਓਲ ਦੇ ਗੀਤ 'ਧੂਮ ਧੂਮ ਲੱਕ ਲੱਕ' ਨੇ ਤਾਂ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿਤਾ। ਸੰਨੀ ਦਿਓਲ ਨੇ ਪੰਜਾਬੀ ਵਿੱਚ ਸਰੋਤਿਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ।

ਕੈਨੇਡੀਅਨ ਜੰਮ-ਪਲ ਬੱਚਿਆਂ ਵਿੱਚ ਇਸ ਸ਼ੋਅ ਪ੍ਰਤੀ ਬਹੁਤ ਉਤਸ਼ਾਹ ਸੀ ਕਿਉਂਕਿ ਇਹ ਸ਼ੋਅ ''ਫ਼ਾਦਰ'ਜ਼ ਡੇ ' ਨੂੰ ਸਮਰਪਿਤ ਸੀ। ਇਸ ਵਿੱਚ ਆਏ ਸਾਰੇ ਅਦਾਕਾਰਾਂ ਨੇ ਪਿਤਾਵਾਂ ਨਾਲ ਸਬੰਧਿਤ  ਗੀਤ ਗਾਏ ਸਨ। ਸੰਨੀ ਦਿਓਲ ਅਤੇ ਅਮੀਸ਼ਾ ਪਟੇਲ ਦੀ ਅਦਾਕਾਰੀ ਦੀ ਦਰਸ਼ਕਾਂ ਵਲੋਂ ਬਹੁਤ ਪਰਸੰਸਾ ਹੋਈ ਅਤੇ ਤਾੜੀਆਂ ਨਾਲ ਹਾਲ ਗੂੰਜ ਉਠਿਆ।

ਸ਼ੋਅ ਸਮਾਪਤ ਹੋਣ ਉਪਰੰਤ ਪ੍ਰਮੋਟਰ ਪਿੰਕੀ ਬਸਰਾਓ ਨੇ ਪੰਜਾਹ ਹਜ਼ਾਰ ਡਾਲਰ ਦਾ ਚੈਕ ਬੀ.ਸੀ. ਕੈਂਸਰ ਸੁਸਾਇਟੀ ਨੂੰ ਦਿਤਾ ਜਿਸ ਦੀ ਲੋਕਾਂ ਨੇ ਖੂਬ ਪ੍ਰਸੰਸਾ ਕੀਤੀ।

| | |
|---|---|
| ਹਦਾਇਤਾਂ :- | 13 ਤੋਂ 21 ਤੱਕ ਸੁਆਲਾਂ ਦੇ ਖ਼ਬਰ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ । |
| ***Instructions:*** | *Select the best answer according to the news for questions 13-21 and record your answers on the Scantron sheet.* |

13. ਹੈਰੀਟੇਜ ਸੁਸਾਇਟੀ ਦਾ ਸ਼ੋਅ ਕਦੋਂ ਅਤੇ ਕਿੱਥੇ ਹੋਇਆ ਸੀ?
   - A. ਜੂਨ ਚੌਦ੍ਹਾਂ ਨੂੰ ਕਲੋਵਰਡੇਲ ਰੋਡੀਓ ਸਟੇਡੀਅਮ ਵਿੱਚ
   - B. ਜੂਨ ਚੌਦ੍ਹਾਂ ਨੂੰ ਵੈਨਕੂਵਰ ਪੀ.ਐਨ.ਈ.ਕੋਲੋਸੀਅਮ ਵਿੱਚ
   - C. ਜੂਨ ਪੰਦਰ੍ਹਾਂ ਨੂੰ ਕਲੋਵਰਡੇਲ ਰੋਡੀਓ ਸਟੇਡੀਅਮ ਵਿੱਚ
   - D. ਜੂਨ ਪੰਦਰ੍ਹਾਂ ਨੂੰ ਵੈਨਕੂਵਰ ਦੇ ਪੀ.ਐਨ.ਈ.ਕੋਲੋਸੀਅਮ ਵਿੱਚ

14. ਸੰਨੀ ਦਿਓਲ ਦਾ ਸ਼ੋਅ ਕਦੋਂ ਅਤੇ ਕਿੱਥੇ ਹੋਇਆ ਸੀ?
   - A. ਜੂਨ ਚੌਦ੍ਹਾਂ ਨੂੰ ਕਲੋਵਰਡੇਲ ਰੋਡੀਓ ਸਟੇਡੀਅਮ ਵਿੱਚ
   - B. ਜੂਨ ਚੌਦ੍ਹਾਂ ਨੂੰ ਵੈਨਕੂਵਰ ਪੀ.ਐਨ.ਈ.ਕੋਲੋਸੀਅਮ ਵਿੱਚ
   - C. ਜੂਨ ਪੰਦਰ੍ਹਾਂ ਨੂੰ ਕਲੋਵਰਡੇਲ ਰੋਡੀਓ ਸਟੇਡੀਅਮ ਵਿੱਚ
   - D. ਜੂਨ ਪੰਦਰ੍ਹਾਂ ਨੂੰ ਵੈਨਕੂਵਰ ਦੇ ਪੀ.ਐਨ.ਈ.ਕੋਲੋਸੀਅਮ ਵਿੱਚ

15. ਕਲੋਵਰਡੇਲ ਦੇ ਸ਼ੋਅ ਦੀ ਸੱਭ ਤੋਂ ਪਰਸਿੱਧ ਗਾਇਕਾ ਕੌਣ ਸੀ?
   - A. ਹਰਜੀਤ ਮੱਟੂ
   - B. ਸੰਨੀ ਦਿਓਲ
   - C. ਸੁਰਿੰਦਰ ਕੌਰ
   - D. ਅਮੀਸ਼ਾਂ ਪਟੇਲ

16. ਕਲੋਵਰਡੇਲ ਦਾ ਸ਼ੋਅ ਕਿਨ੍ਹਾਂ ਵਾਸਤੇ ਕਰਵਾਇਆ ਗਿਆ ਸੀ?
   - A. ਸਿਰਫ਼ ਬੱਚਿਆਂ ਲਈ
   - B. ਸਿਰਫ਼ ਮਰਦਾਂ ਲਈ
   - C. ਸਿਰਫ਼ ਔਰਤਾਂ ਲਈ
   - D. ਸਿਰਫ਼ ਬਜ਼ੁਰਗਾਂ ਲਈ

17. "ਚੰਨ ਕਿੱਦਾਂ ਗੁਜਾਰੀ ਆ ਰਾਤ ਵੇ" ਗੀਤ ਕਿਸ ਨੇ ਗਾਇਆ ਸੀ?
A. ਰਾਖੀ ਹੁੰਦਲ ਨੇ
B. ਸੁਰਿੰਦਰ ਕੌਰ ਨੇ
C. ਡੌਲੀ ਗੁਲੇਰੀਆਂ ਨੇ
D. ਜਸਵਿੰਦਰ ਬਰਾੜ ਨੇ

18. ਮੁੰਬਈ ਦੇ ਮੈਗਾ ਸਟਾਰ ਸ਼ੋਅ ਦਾ ਪਰਮੋਟਰ ਕੌਣ ਸੀ?
A. ਸੰਜੇ ਦੱਤ
B. ਦਿਓਲ ਭਰਾ
C. ਅਮੀਸ਼ਾਂ ਪਟੇਲ
D. ਪਿੰਕੀ ਬਸਰਾਓ

19. ਮੈਗਾ ਸਟਾਰ ਸ਼ੋਅ ਵਿੱਚ ਪੰਜਾਬੀਆਂ ਦੇ ਸੱਭ ਤੋਂ ਵੱਧ ਚਹੇਤੇ ਸਟਾਰ ਕੌਣ ਸਨ?
A. ਸੰਜੇ ਦੱਤ ਅਤੇ ਅਮੀਸ਼ਾ ਪਟੇਲ
B. ਸਲਮਾਨ ਖਾਨ ਅਤੇ ਬੌਬੀ ਦਿਓਲ
C. ਅਮੀਸ਼ਾ ਪਟੇਲ ਅਤੇ ਸੰਨੀ ਦਿਓਲ
D. ਅਮੀਸ਼ਾ ਪਟੇਲ ਅਤੇ ਬਿਪਾਸਾ ਬਾਸੂ

20. ਪਰਮੋਟਰ ਦੇ ਕਿਸ ਕੰਮ ਦੀ ਦਰਸ਼ਕਾਂ ਨੇ ਪਰਸੰਸਾ ਕੀਤੀ?
A. ਬੱਚਿਆਂ ਦੇ ਹਸਪਤਾਲ ਨੂੰ 50 000 ਡਾਲਰ ਦਾ ਦਾਨ
B. ਬੀ.ਸੀ ਕੈਂਸਰ ਸੁਸਾਇਟੀ ਨੂੰ 50 000 ਡਾਲਰ ਦਾ ਦਾਨ
C. ਬੀ.ਸੀ ਕੈਂਸਰ ਸੁਸਾਇਟੀ ਨੂੰ 40 000 ਡਾਲਰ ਦਾ ਦਾਨ
D. ਪੰਜਾਬੀ ਲੈਂਗੁਏਜ ਸੁਸਾਇਟੀ ਨੂੰ 40 000 ਡਾਲਰ ਦਾ ਦਾਨ

21. ਪੰਜਾਬ ਦੀ ਕੋਇਲ ਦਾ ਖ਼ਿਤਾਬ ਕਿਸ ਨੂੰ ਹਾਸਲ ਹੈ?
A. ਸੁਰਿੰਦਰ ਕੌਰ ਨੂੰ
B. ਬਿਪਾਸਾ ਬਾਸੂ ਨੂੰ
C. ਡੌਲੀ ਗੁਲੇਰੀਆ ਨੂੰ
D. ਜਸਵਿੰਦਰ ਬਰਾੜ ਨੂੰ

**Reading Component** **Section III**

**Value:4 marks** **Suggested Time: 8 minutes**

ਹਦਾਇਤਾਂ: ਹੇਠ ਲਿਖੇ ਲੇਖ '*ਤੀਜੀ ਸ਼੍ਰੇਣੀ*' ਨੂੰ ਪੜ੍ਹੋ. 22-25 ਤੱਕ ਦੇ ਸੁਆਲਾਂ ਦੇ ਲੇਖ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ ।

***Instructions:*** *Read the following. Select the best answer according to the article for questions 22 to 25 and record your answers on the Scantron sheet*

# ਤੀਜੀ ਸ਼੍ਰੇਣੀ

ਹਰ ਇੱਕ ਵਿਅਕਤੀ ਨੂੰ ਕੁੱਝ ਨਾ ਕੁੱਝ ਕਰਨ ਸਕਣ ਲਈ ਕੁੱਝ ਕਰਨਾ ਪੈਂਦਾ ਹੈ। ਜਦੋਂ ਕੋਈ ਵਿਅਕਤੀ ਕੁਝ ਕਰਨ ਬਾਰੇ ਸੋਚਦਾ ਹੈ ਤਾਂ ਉਹ ਕੁਝ ਸੁੱਪਨੇ ਦੇਖਦਾ ਹੈ। ਫ਼ਿਰ ਉਨ੍ਹਾਂ ਸੁਪਨਿਆਂ ਨੂੰ ਆਪਣੀ ਜ਼ਿੰਦਗੀ ਵਿੱਚ ਪੂਰਾ ਕਰਨ ਬਾਰੇ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਬਾਰੇ ਸੋਚ ਕੇ ਤੁਸੀਂ ਆਪਣੀ ਜ਼ਿੰਦਗੀ ਵਿੱਚ ਹਰ ਕੰਮ ਵਿੱਚ ਸਫ਼ਲਤਾ ਪ੍ਰਾਪਤ ਕਰ ਸਕਦੇ ਹੋ। ਜਿਵੇਂ ਕਿ ਇਹ ਉਦਾਹਰਣ ਦੇਖੋ: 1970 ਵਿੱਚ ਪਰੋਫੈਸ਼ਨਲ ਸਾਕਰ ਅਮਰੀਕਾ ਵਿੱਚ ਆਪਣੇ ਪੈਰ ਜਮਾਉਣ ਲਈ ਜਦੋਂ ਸੰਘਰਸ਼ ਕਰ ਰਿਹਾ ਸੀ, ਨਾਰਥ ਅਮਰੀਕਾ ਸਾਕਰ ਲੀਗ ਨੇ ਅਮਰੀਕੀ ਖੇਡ ਪ੍ਰੇਮੀਆਂ ਦੇ ਸਾਹਮਣੇ ਇਸ ਖੇਡ ਨੂੰ ਦਿਖਾਉਣ ਦਾ ਪਹਿਲਾ ਕਦਮ ਚੁੱਕਿਆ। ਇਸ ਕਦਮ ਤੋਂ ਬਾਅਦ ਜਦੋਂ ਜ਼ਿਆਦਾਤਰ ਟੀਮ ਨੇ ਸੀਮਤ ਸਫ਼ਲਤਾ ਪ੍ਰਾਪਤ ਕਰ ਲਈ ਤਾਂ ਸਿਰਫ਼ ਇੱਕ ਟੀਮ ਨਿਊਯਾਰਕ ਕਾਸਮੌਸ ਨੇ ਇਸ ਖੇਡ ਵਿੱਚ ਅਦਭੁੱਤ ਢੰਗ ਨਾਲ ਪ੍ਰਸਿਧਤਾ ਹਾਸਲ ਕੀਤੀ।ਇਹ ਟੀਮ ਸਾਕਰ ਦੇ ਜਨੂੰਨੀ ਪ੍ਰਸੰਸਕ ਅਤੇ ਵਾਰਨਰ ਦੇ ਕੰਮਿਊਨਿਕੇਸ਼ਨ ਵਿੱਚ ਪਰਮੁੱਖ ਐਗਜ਼ੈਕੇਅਟਿਵ ਸਟੀਵ ਰਾਸ ਦੀ ਰਚਨਾਤਮਿਕ ਸੋਚ ਦਾ ਨਤੀਜਾ ਸੀ। ਪਰ ਸਟੀਵ ਇਸ ਦਾ ਸਿਹਰਾ ਆਪਣੇ ਪਿਤਾ ਮੈਕਸ ਰਾਸ ਨੂੰ ਦਿੰਦੇ ਹਨ। ਇਕ ਦਿਨ ਮੈਕਸ ਰਾਸ ਨੇ ਸਟੀਵ ਨੂੰ ਕਿਹਾ, "ਸਫ਼ਲਤਾ ਦੇ ਲਈ ਸੰਘਰਸ਼ ਕਰਨ ਵਾਲੀਆਂ ਤਿੰਨ ਸ਼੍ਰੇਣੀਆਂ ਹਨ। ਜ਼ਿੰਦਗੀ ਵਿੱਚ ਕੁਝ ਲੋਕ ਪੂਰਾ ਦਿਨ ਕੰਮ ਕਰਦੇ ਹਨ, ਕੁਲ਼ ਲੋਕ ਪੂਰਾ ਦਿਨ ਸੁਪਨੇ ਦੇਖਦੇ ਹਨ, ਅਤੇ ਕੁੱਝ ਲੋਕ ਕੁੱਝ ਕਰਨ ਤੋਂ ਪਹਿਲਾਂ ਆਪਣਾ ਇੱਕ ਘੰਟਾ ਸੁੱਪਨਾ ਦੇਖਣ ਵਿੱਚ ਖ਼ਰਚ ਕਰਦੇ ਹਨ ਫਿਰ ਕੰਮ ਵਿੱਚ ਜੁੱਟ ਜਾਂਦੇ ਹਨ ਤਾਂ ਕਿ ਉਨ੍ਹਾਂ ਸੁੱਪਨਿਆਂ ਨੂੰ ਪੂਰਾ ਕਰ ਸਕਣ।"

ਹਮੇਸ਼ਾਂ ਤੀਜੀ ਸ਼੍ਰੇਣੀ ਦੀ ਚੋਣ ਕਰੋ ਕਿਉਂਕਿ ਅਸਲ ਵਿੱਚ ਇੱਥੇ ਕੋਈ ਬੰਦਿਸ਼ ਨਹੀ ਹੁੰਦੀ। ਭਵਿੱਖ

ਬਣਾਉਣ ਲਈ ਸੁਪਨਿਆਂ ਤੋਂ ਵੱਧ ਕੁਝ ਨਹੀ ਹੁੰਦਾ। ਪਰ ਕੋਰਾ ਸੁੱਪਨਾ ਕਿਸੇ ਕੰਮ ਦਾ ਨਹੀ ਹੁੰਦਾ।

**Reading Component** **Section III ( Continued)**

| | |
|---|---|
| ਹਦਾਇਤਾਂ : | 22-25 ਤੱਕ ਦੇ ਸੁਆਲਾਂ ਦੇ ਲੇਖ ਅਨੁਸਾਰ ਸਹੀ ਜੁਆਬ ਚੁਣ ਕੇ ਸਕੈਨਟਰੌਨ ਸ਼ੀਟ ਦੇ ਸਹੀ ਅੱਖਰ ਤੇ ਨਿਸ਼ਾਨ ਲਗਾਉ । |
| ***Instructions:*** | *Select the best answer according to the article for questions 22 to 25 and record your answers on the Scantron sheet* |

22. ਇਸ ਕਹਾਣੀ ਮੁਤਾਬਿਕ ਇੱਕ ਸਫ਼ਲ ਵਿਅਕਤੀ ਕੁਝ ਕਰਨ ਤੋਂ ਪਹਿਲਾਂ ਕੀ ਕਰਦਾ ਹੈ?
    - A. ਸੁਪਨੇ ਦੇਖਦਾ ਹੈ
    - B. ਕੁਝ ਕਰ ਦਿਖਾਉਂਦਾ ਹੈ
    - C. ਪਰੋਗਰਾਮ ਬਣਾਉਦਾ ਹੈ
    - D. ਜਾਣਕਾਰੀ ਹਾਸਲ ਕਰਦਾ ਹੈ

23. ਜ਼ਿੰਦਗੀ ਵਿੱਚ ਸਫ਼ਲਤਾ ਹਾਸਲ ਕਰਨ ਲਈ ਕੀ ਕਰਨਾ ਪੈਂਦਾ ਹੈ?
    - A. ਮਿਹਨਤ ਕਰਨੀ ਪੈਂਦੀ ਹੈ
    - B. ਵਡੇ ਵਡੇ ਸੁਪਨੇ ਦੇਖਣੇ ਪੈਂਦੇ ਹਨ
    - C. ਕਿਸੇ ਕੋਲੋਂ ਮਦਦ ਲੈਣੀ ਪੈਂਦੀ ਹੈ
    - D. ਉਦੇਸ਼ ਬਣਾ ਕੇ ਮਿਹਨਤ ਕਰਨੀ ਪੈਂਦੀ ਹੈ

24. ਇਸ ਦੀ ਸਫ਼ਲਤਾ ਲਈ ਕਿਸ ਨੇ ਸੱਭ ਤੋਂ ਜ਼ਿਆਦਾ ਕੰਮ ਕੀਤਾ?
    - A. ਸਟੀਵ ਰਾਸ
    - B. ਮੈਕਸ ਰਾਸ
    - C. ਐਲਨ ਬ੍ਰਦਰਜ਼
    - D. ਵਾਰਨਰ ਬ੍ਰਦਰਜ਼

25. ਸੁਪਨੇ ਦੇਖਣ ਤੋਂ ਲੇਖਕ ਦਾ ਕੀ ਭਾਵ ਨਹੀ ਹੈ?
    - A. ਉਦੇਸ਼ ਬਣਾਉਣਾ
    - B. ਕੰਮ ਤੋਂ ਕਤਰਾਉਣਾ
    - C. ਚੰਗੇ ਨਤੀਜਿਆਂ ਬਾਰੇ ਸੋਚਣਾ
    - D. ਹੋਰ ਕੀ ਹੋ ਸਕਦਾ ਹੈ ਬਾਰੇ ਸੋਚਣਾ